# ਯੂ.ਐੱਨ.ਵਿਸ਼ਵ ਸੜਕ ਸੁਰੱਖਿਆ ਹਫਤਾ ਮਨਾਇਆ

ਮੋਹਾਲੀ, 10 ਮਈ (ਨਿਆਮੀਆਂ)-'ਹੈਲਥ ਅਵੇਅਰਨੈੱਸ ਐਂਡ ਸੁਵਿਧਾ ਸੁਸਾਇਟੀ (ਹੱਸ)' ਨਾਮਕ ਐੱਨ. ਜੀ. ਓ. ਨੇ ਐਕਜ਼ੋਨੋਬਲ ਨਾਮਕ ਮਲਟੀਨੈਸ਼ਨਲ ਕੰਪਨੀ ਤੇ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਹਾਲੀ ਦੇ ਸਹਿਯੋਗ ਨਾਲ ਮੋਹਾਲੀ ਦੇ ਪ੍ਰਾਈਵੇਟ ਸਕੂਲਾਂ 'ਚ ਵਿਸ਼ਵ ਸੜਕ ਸੁਰੱਖਿਆ ਹਫਤਾ (ਮਈ 8-14) ਮਨਾਉਣ ਦੀ ਪਹਿਲ ਕੀਤੀ। ਸ਼ਹਿਰ ਦੇ ਸਕੂਲਾਂ ਇਨਫੈਂਟ ਜੀਸਸ ਕਾਨਵੈਂਟ ਸਕੂਲ, ਸੰਤ ਈਸ਼ਰ ਸਿੰਘ ਪਬਲਿਕ ਸਕੂਲ, ਸ਼ੈਮਰਾਕ ਸਕੂਲ ਤੇ ਜੀਨੀਅਸ ਪਬਲਿਕ ਸਕੂਲ ਨੇ ਇਨ੍ਹਾਂ ਸੰਸਥਾਵਾਂ ਨੂੰ ਇਸ ਲਹਿਰ ਨੂੰ ਕਾਮਯਾਬ ਬਣਾਉਣ 'ਚ ਪੂਰਾ ਸਾਥ ਦਿੱਤਾ।

ਇਸ ਮੌਕੇ 'ਹੱਸ' ਦੀ ਜ਼ਿਲਾ ਕੋਆਰਡੀਨੇਟਰ ਅਮੋਲ ਕੌਰ



*ਸਕੂਲ ਦੇ ਬੱਚਿਆਂ, ਅਧਿਆਪਕਾਂ ਤੇ ਡਰਾਈਵਰਾਂ ਨੂੰ ਸੜਕ ਸੁਰੱਖਿਆ ਸਬੰਧੀ ਜਾਣਕਾਰੀ ਦਿੰਦੇ ਅਮੋਲ ਕੌਰ।* (ਮੋਹਿਤ)

ਨੇ ਨਾ ਸਿਰਫ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਬਾਰੇ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਰਾਹੀਂ ਜਾਣਕਾਰੀ ਦਿੱਤੀ, ਬਲਕਿ ਅਧਿਆਪਕਾਂ ਤੇ ਸਕੂਲ ਬੱਸ ਡਰਾਈਵਰਾਂ ਲਈ ਵੀ ਸੈਮੀਨਾਰ ਕਰਾਏ, ਜਿਸ 'ਚ ਉਨ੍ਹਾਂ ਨੂੰ ਰੈੱਡ ਲਾਈਟ ਨਾ ਟੱਪਣ, ਮੋਬਾਇਲ ਫੋਨ ਦੀ ਵਰਤੋਂ ਨਾ ਕਰਨ, ਤੇਜ਼ ਰਫਤਾਰ ਤੇ ਜਾਂ ਸ਼ਰਾਬ ਪੀ ਕੇ ਗੱਡੀ ਨਾ ਚਲਾਉਣ ਦੀ ਹਦਾਇਤ ਦਿੱਤੀ ਜਾਂਦੀ ਹੈ।

ਪ੍ਰੈਜ਼ੈਂਟੇਸ਼ਨ ਤੋਂ ਬਾਅਦ ਕੁਇੱਜ਼ ਮੁਕਾਬਲਾ ਵੀ ਕਰਾਇਆ ਗਿਆ। ਇਸ ਤੋਂ ਇਲਾਵਾ ਅੱਠਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਥੀਆਂ ਲਈ ਭਾਸ਼ਣ ਮੁਕਾਬਲਾ ਵੀ ਕਰਾਇਆ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

# 'ਮਿਸ਼ਨ ਸਲਾਮਤੀ' ਸੜਕ ਸੁਰੱਖਿਆ ਮੁਹਿੰਮ ਜਾਰੀ

ਮੋਹਾਲੀ, 25 ਜੁਲਾਈ (ਨਿਆਮੀਆਂ)- 'ਹੈਲਥ ਅਵੇਅਰਨੈੱਸ ਐਂਡ ਸੁਵਿਧਾ ਸੁਸਾਇਟੀ' (ਹੱਸ) ਨਾਂ ਦੀ ਐੱਨ. ਜੀ. ਓ. ਵਲੋਂ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਹਾਲੀ ਦੇ ਸਹਿਯੋਗ ਨਾਲ ਮੋਹਾਲੀ ਦੇ ਪ੍ਰਾਈਵੇਟ ਸਕੂਲਾਂ 'ਚ ਸੜਕ ਸੁਰੱਖਿਆ ਮੁਹਿੰਮ ਜਾਰੀ ਹੈ। ਵਿਵੇਕ ਹਾਈ ਸਕੂਲ, ਅਜੀਤ ਕਰਮ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਇਸ ਲਹਿਰ ਨੂੰ ਕਾਮਯਾਬ ਬਣਾਉਣ 'ਚ ਪੂਰਾ ਸਾਥ ਦੇ ਰਹੇ ਹਨ।

ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਅੱਜ ਮਾਊਂਟ ਕਾਰਮਲ ਸਕੂਲ ਤੇ ਸੇਂਟ ਜ਼ੇਵੀਅਰ ਹਾਈ ਸਕੂਲ ਵਿਖੇ 8ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇਸੇ ਵਿਸ਼ੇ 'ਤੇ ਭਾਸ਼ਣ ਮੁਕਾਬਲਾ ਕਰਵਾਇਆ ਗਿਆ ਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਐਕਜ਼ੋਨੋਬਲ ਕੰਪਨੀ ਦੇ ਸਾਊਥ ਏਸ਼ੀਆ ਕਲਸਟਰ ਮੈਨੇਜਰ ਮਿਸਟਰ ਡੇਵਿਡ ਟੈਂਗ ਤੇ ਏਕੀਕ੍ਰਿਤ ਸਪਲਾਈ ਚੇਨ ਹੈੱਡ ਜੋਸਫ ਵਰਗੀਸ ਵੀ ਮੌਜੂਦ ਸਨ। ਉਨ੍ਹਾਂ ਨੇ




*ਵਿਦਿਆਰਥੀਆਂ ਨੂੰ ਰੋਡ ਸੇਫਟੀ ਬਾਰੇ ਜਾਣਕਾਰੀ ਦਿੰਦੇ ਮਾਹਿਰ।* (ਮੋਹਿਤ)

ਵਿਦਿਆਰਥੀਆਂ ਨਾਲ ਸੇਫ ਡਰਾਈਵਿੰਗ ਦੇ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਸੜਕ ਹਾਦਸਿਆਂ 'ਚ ਹੋ ਰਹੀਆਂ ਮੌਤਾਂ ਨੂੰ ਠੱਲ੍ਹ ਪਾਉਣ ਦੀ ਅਪੀਲ ਕੀਤੀ।

ਟ੍ਰੈਫਿਕ ਐਜੂਕੇਸ਼ਨ ਸੈੱਲ ਤੋਂ ਐੱਚ. ਸੀ. ਜਨਕ ਰਾਜ ਤੇ ਸਾਂਝ ਕੇਂਦਰ ਫੇਜ਼-8 ਦੇ ਇਚਾਰਜ ਏ. ਐੱਸ. ਆਈ. ਨਰਿੰਦਰ ਸਿੰਘ ਨੇ ਵੀ ਇਸ ਮੌਕੇ ਹਾਜ਼ਰੀ ਭਰੀ।

# ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਸੈਮੀਨਾਰ

ਡੇਰਾਬੱਸੀ, 11 ਜੂਨ (ਅਨਿਲ)-ਵਾਹਨ ਚਲਾਉਂਦੇ ਸਮੇਂ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ, ਨਿਯਮਾਂ ਦੀ ਅਣਦੇਖੀ ਕਰਨ ਕਾਰਨ ਕਿਸੇ ਵੀ ਸਮੇਂ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਟ੍ਰੈਫ਼ਿਕ ਐਜੂਕੇਸ਼ਨ ਸੈੱਲ ਦੇ ਅਧਿਕਾਰੀ ਜਨਕਰਾਜ ਨੇ ਬੱਸੀ ਮੁਬਾਰਿਕਪੁਰ ਟਰੱਕ ਆਪਰੇਟਰ ਯੂਨੀਅਨ 'ਚ ਇਕ ਜਾਗਰੂਕਤਾ ਸੈਮੀਨਾਰ ਦੌਰਾਨ ਕੀਤਾ।



*ਟ੍ਰੈਫਿਕ ਨਿਯਮਾਂ ਸਬੰਧੀ ਲਾਏ ਗਏ ਜਾਗਰੂਕਤਾ ਸੈਮੀਨਾਰ ਦਾ ਦ੍ਰਿਸ਼।* (ਅਨਿਲ)

ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਅਜਿਹੇ ਕੈਂਪ ਤਾਂ ਲਾਏ ਜਾਂਦੇ ਹਨ ਕਿ ਲੋਕਾਂ ਨੂੰ ਨਿਯਮਾਂ ਦੀ ਜਾਣਕਾਰੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਚਿਤਾਵਨੀ ਚਿਨ੍ਹਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਹੈਲਮੇਟ, ਸੀਟ ਬੈਲਟ ਆਦਿ ਦੀ ਵਰਤੋਂ ਹਮੇਸ਼ਾ ਕਰਨੀ ਚਾਹੀਦੀ ਹੈ ਤੇ ਗੱਡੀ ਚਲਾਉਂਦੇ ਸਮੇਂ ਮੋਬਾਇਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਕੁਲਜੀਤ ਰੰਧਾਵਾ, ਸਾਬਕਾ ਪ੍ਰਧਾਨ ਗੁਰਚਰਨ ਸਿੰਘ, ਮੇਜਰ ਸਿੰਘ ਪਰਾਗਪੁਰ ਤੇ ਸੁਰਿੰਦਰ ਪਰਾਗਪੁਰ ਸਮੇਤ ਕਾਫੀ ਗਿਣਤੀ 'ਚ ਟਰੱਕ ਆਪਰੇਟਰ ਹਾਜ਼ਰ ਸਨ।

# ਪ੍ਰਾਈਵੇਟ ਸਕੂਲਾਂ 'ਚ ਸੜਕ ਸੁਰੱਖਿਆ ਮੁਹਿੰਮ ਜਾਰੀ


*ਵਿਦਿਆਰਥੀਆਂ, ਅਧਿਆਪਕਾਂ ਤੇ ਬੱਸ ਡਰਾਈਵਰਾਂ ਨੂੰ ਸੜਕ ਹਾਦਸਿਆਂ ਦੇ ਕਾਰਨਾਂ ਬਾਰੇ ਦੱਸਦੇ ਅਮੋਲ ਕੌਰ।* (ਨਰਬਦਾ)

ਮੋਹਾਲੀ, 20 ਮਈ (ਨਿਆਮੀਆਂ)-ਮੋਹਾਲੀ ਦੇ ਪ੍ਰਾਈਵੇਟ ਸਕੂਲਾਂ 'ਚ ਸੜਕ ਸੁਰੱਖਿਆ ਦੇ ਮਹੱਤਵਪੂਰਨ ਮੁੱਦੇ 'ਤੇ ਮੁਹਿਮ ਜਾਰੀ ਹੈ। ਸ਼ਹਿਰ ਦੇ ਕੁਝ ਸਕੂਲ ਮਾਊਂਟ ਕਾਰਮਲ, ਐਨੀਜ਼ ਸਕੂਲ, ਇਨਫੈਂਟ ਜੀਜ਼ਜ਼ ਕਾਨਵੈਂਟ ਸਕੂਲ, ਸੁਆਮੀ ਰਾਮ ਤੀਰਥ ਸਕੂਲ, ਸ਼ੈਮਰਾਕ ਸਕੂਲ ਯੂ. ਐੱਨ. ਵਿਸ਼ਵ ਸੜਕ ਸੁਰੱਖਿਆ ਹਫ਼ਤੇ ਦੇ ਖਤਮ ਹੋਣ 'ਤੇ ਵੀ ਇਸ ਮੁਹਿਮ ਨੂੰ ਅੰਜਾਮ ਦੇ ਰਹੇ ਹਨ, ਜਿਸਦੀ ਪਹਿਲ ਐੱਨ. ਜੀ. ਓ. 'ਹੈਲਥ ਅਵੇਅਰਨੈੱਸ ਐਂਡ ਸੁਵਿਧਾ ਸੁਸਾਇਟੀ' (ਹੱਸ) ਨੇ ਐਕਜ਼ੋਨੋਬਲ ਨਾਂ ਦੀ ਮਲਟੀਨੈਸ਼ਨਲ ਕੰਪਨੀ ਤੇ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਹਾਲੀ ਦੇ ਸਹਿਯੋਗ ਨਾਲ ਕੀਤੀ ਗਈ ਕੀਤੀ।

ਮੁਹਿੰਮ ਤਹਿਤ 'ਹੱਸ' ਦੀ ਜ਼ਿਲਾ ਕੋਆਰਡੀਨੇਟਰ ਅਮੋਲ ਕੌਰ ਪ੍ਰੈਜ਼ੇਂਟੇਸ਼ਨ ਤੇ ਵੀਡੀਓਗ੍ਰਾਫੀ ਰਾਹੀਂ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਬੱਸ ਡਰਾਈਵਰਾਂ ਨੂੰ ਸੜਕ ਹਾਦਸਿਆਂ ਦੇ ਕਾਰਨ ਦੱਸਦੇ ਹੋਏ ਸਹੀ ਤੇ ਗਲਤ ਦੀ ਪਛਾਣ ਕਰਕੇ ਬਚਾਓ ਦੇ ਤਰੀਕਿਆਂ 'ਤੇ ਵੀ ਚਾਨਣ ਪਾਉਂਦੇ ਹਨ। ਸਕੂਲ ਬੱਸ ਡਰਾਈਵਰਾਂ ਨੂੰ 'ਸੇਫ ਸਕੂਲ ਵਾਹਨ ਸਕੀਮ' ਬਾਰੇ ਖਾਸ ਜਾਣਕਾਰੀ ਦਿੱਤੀ ਜਾਂਦੀ ਹੈ।

ਵਿਦਿਆਰਥੀਆਂ ਨੂੰ 18 ਸਾਲ ਤੋਂ ਪਹਿਲਾਂ ਕੋਈ ਵੀ ਵਾਹਨ ਨਾ ਚਲਾਉਣ ਦੀ ਹਦਾਇਤ ਦਿੱਤੀ ਜਾਂਦੀ ਹੈ। ਅਧਿਆਪਕਾਂ ਨੂੰ ਟਾਈਮ ਮੈਨੇਜਮੈਂਟ ਦੀ ਕਲਾ ਅਤੇ ਇਸ ਦੀ ਗੈਰ-ਮੌਜੂਦਗੀ 'ਚ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਕਰਕੇ ਜਾਨ 'ਤੇ ਬਣੇ ਰਹਿੰਦੇ ਖਤਰੇ ਬਾਰੇ ਵੀ ਸਮਝਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕੁਇੱਜ਼ ਤੇ ਭਾਸ਼ਣ ਮੁਕਾਬਲੇ ਵੀ ਕਰਾਏ ਜਾ ਰਹੇ ਹਨ।



ਕੈਂਪ ਦੌਰਾਨ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲਾ ਕੋਆਰਡੀਨੇਟਰ ਹੱਸ ਅਮੋਲ ਕੌਰ। (ਨਿਆਮੀਆਂ)

# ਸਕੂਲ 'ਚ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ

ਮੋਹਾਲੀ, 10 ਜੁਲਾਈ (ਨਿਆਮੀਆਂ)- ਐਕਜ਼ੋਨੋਬਲ ਕੰਪਨੀ ਦੇ ਸੀ. ਐੱਸ. ਆਰ. ਪ੍ਰੋਜੈਕਟ ਮਿਸ਼ਨ ਸਲਾਮਤੀ ਤਹਿਤ ਮੋਹਾਲੀ ਵਿਖੇ ਲਰਨਿੰਗ ਪਾਥ ਸਕੂਲ ਵਿਚ ਸੜਕ ਸੁਰੱਖਿਆ ਜਾਗਰੂਕਤਾ ਕੈਂਪ ਲਗਾਇਆ ਗਿਆ। ਹੱਸ ਨਾਮਕ ਐੱਨ. ਜੀ. ਓ. ਦੁਆਰਾ ਇਸ ਅਭਿਆਨ ਨੂੰ ਜ਼ਮੀਨੀ ਪੱਧਰ 'ਤੇ ਅੰਜਾਮ ਦਿੱਤਾ ਜਾ ਰਿਹਾ ਹੈ। ਅਮੋਲ ਕੌਰ ਜ਼ਿਲਾ ਕੋਆਰਡੀਨੇਟਰ ਹੱਸ ਨੇ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਰਾਹੀਂ 13 ਤੋਂ 17 ਸਾਲ ਦੇ ਨੌਜਵਾਨ ਮੁੰਡੇ-ਕੁੜੀਆਂ ਲਈ ਸੜਕ ਦੁਰਘਟਨਾਵਾਂ ਦੇ ਕਾਰਨ ਅਤੇ ਨਤੀਜਿਆਂ 'ਤੇ ਚਾਨਣਾ ਪਾਇਆ।

ਖਾਸ ਕਰਕੇ ਇਸ ਗੱਲ 'ਤੇ ਰੋਸ਼ਨੀ ਪਾਈ ਗਈ ਕਿ 15-29 ਸਾਲ ਦੇ ਨੌਜਵਾਨਾਂ ਵਿਚ ਮੌਤ ਦਾ ਸਭ ਤੋਂ ਵੱਡਾ ਕਾਰਨ ਸੜਕਾਂ 'ਤੇ ਹੋ ਰਹੇ ਹਾਦਸੇ ਹਨ। ਸੜਕ ਦੁਰਘਟਨਾਵਾਂ ਦੇ ਆਮ ਕਾਰਨਾਂ ਬਾਰੇ ਦੱਸਦੇ ਹੋਏ ਸਮਝਾਇਆ ਕਿ ਲਾਲ ਬੱਤੀ ਦੀ ਉਲੰਘਣਾ, ਮੋਬਾਇਲ ਫੋਨ ਦੀ ਵਰਤੋਂ, ਸਹੀ ਉਮਰ ਤੋਂ ਪਹਿਲਾਂ ਸਕੂਟਰ ਜਾਂ ਗੱਡੀ ਚਲਾਉਣਾ, ਹੈਲਮੇਟ ਜਾਂ ਸੀਟ ਬੈਲਟ ਨਾ ਪਾਉਣਾ, ਨਸ਼ਾ ਕਰਕੇ ਵਾਹਨ ਚਲਾਉਣਾ ਅਤੇ ਤੇਜ਼ ਰਫ਼ਤਾਰੀ ਕਾਰਨ ਹਮੇਸ਼ਾ ਹੀ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਪ੍ਰੈਜ਼ੈਂਟੇਸ਼ਨ ਤੋਂ ਬਾਅਦ ਇਕ ਕੁਇੱਜ਼ ਵੀ ਰੱਖਿਆ ਗਿਆ, ਜਿਸ ਵਿਚ ਵਿਦਿਆਰਥੀਆਂ ਨੂੰ ਸੜਕ ਦੇ ਚਿਨ੍ਹਾਂ ਦੀ ਪਹਿਚਾਣ ਕਰਨ ਲਈ ਕਿਹਾ ਗਿਆ।

# Nukkad nataks on road safety in rural belt

**TRIBUNE NEWS SERVICE**

**MOHALI, MARCH 28**

To create awareness among residents about the road safety rules, the Health Awareness and Suvidha Society (HASS), supported by Akzo Nobel, has been organising street plays in this regard in the rural belt here.

"We have been orgnaising nukkad nataks on the road safety in Mattaur, Mauli Baidwan and Sohana villages. The recent performance was held in Kumbra village and United Cooperative Society, Sector 68," said Amol Kaur, District Coordinator, Mohali, HASS.

The themes for the street plays included under-age driving, drunken driving, traffic-light jumping, usage of mobile phones while driving, over-speeding and helmetless driving.

Amol Kaur said sessions on safe driving were also being organised for the bus drivers and attendants of various city schools such as Vivek High, Doon International and Manav Mangal Smart School.

# ਵਿਦਿਆਰਥੀਆਂ ਨੂੰ ਕੀਤਾ ਟਰੈਫ਼ਿਕ ਨਿਯਮਾਂ ਸਬੰਧੀ ਜਾਗਰੂਕ

**ਪੱਤਰ ਪ੍ਰੇਰਕ**

**ਐਸ.ਏ.ਐਸ. ਨਗਰ (ਮੁਹਾਲੀ), 22 ਫਰਵਰੀ**

ਮਿਸ਼ਨ ਸਲਾਮਤੀ ਤਹਿਤ ਇੱਥੇ ਦੇ ਸੈਕਟਰ-70 ਸਥਿਤ ਵਿਵੇਕ ਹਾਈ ਸਕੂਲ ਅਤੇ ਬ੍ਰਿਟਿਸ਼ ਸਕੂਲ ਵਿੱਚ ਟਰੈਫ਼ਿਕ ਜਾਗਰੂਕਤਾ ਕੈਂਪ ਲਗਾਏ ਗਏ। ਇਸ ਮੌਕੇ ਮਿਸ਼ਨ ਸਲਾਮਤੀ ਦੀ ਜ਼ਿਲ੍ਹਾ ਕੋਆਰਡੀਨੇਟਰ ਮੈਡਮ ਅਮੋਲ ਕੌਰ ਨੇ ਸਕੂਲੀ ਬੱਚਿਆਂ ਅਤੇ ਨੌਜਵਾਨਾਂ ਨੂੰ ਟਰੈਫ਼ਿਕ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੜਕ ਦੁਰਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸਾਨੂੰ ਟਰੈਫ਼ਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਹੋਰਨਾਂ ਨੂੰ ਨਿਯਮਾਂ ਦੀ ਪਾਲਣਾ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।



ਸਕੂਲ ਦੇ ਵਿਦਿਆਰਥੀ ਨੂੰ ਟਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਹਾਸਲ ਕਰਦੇ ਹੋਏ। ਫੋਟੋ: ਸੋਢੀ

ਇਸ ਦੌਰਾਨ ਉਨ੍ਹਾਂ ਨੇ ਪ੍ਰਾਜੈਕਟਰ ਉੱਤੇ ਫੋਟੋਆਂ ਅਤੇ ਵੀਡੀਓ ਰਾਹੀਂ ਵਿਦਿਆਰਥੀਆਂ ਨੂੰ ਟਰੈਫ਼ਿਕ ਨਿਯਮਾਂ ਦੀ ਮੁੱਢਲੀ ਜਾਣਕਾਰੀ ਦੇਣ ਦੇ ਨਾਲ ਨਾਲ ਨਿਯਮਾਂ ਦੀ ਉਲੰਘਣਾ ਕਰਨ ਕਰਕੇ ਵਾਪਰ ਰਹੇ ਸੜਕ ਹਾਦਸਿਆਂ 'ਤੇ ਰੋਸ਼ਨੀ ਪਾਈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵਾਹਨ ਚਲਾਉਂਦੇ ਸਮੇਂ ਮੋਬਾਈਲ ਫੋਨ ਨਾ ਸੁਣਨ ਅਤੇ ਸ਼ਰਾਬ ਜਾਂ ਕੋਈ ਨਸ਼ਾ ਕਰਕੇ ਕਦੇ ਵੀ ਗੱਡੀ ਨਾ ਚਲਾਉਣ ਅਤੇ ਹਮੇਸ਼ਾਂ ਸੀਟ ਬੈਲਟ ਲਗਾ ਕੇ ਰੱਖਣ ਅਤੇ ਹੈਲਮਟ ਪਹਿਨਿਆ ਜਾਵੇ। ਉਨ੍ਹਾਂ ਕਿਹਾ ਕਿ ਲਾਲ ਬੱਤੀ ਦੀ ਉਲੰਘਣਾ ਅਤੇ ਤੇਜ਼ ਰਫ਼ਤਾਰੀ ਕਾਰਨ ਹਮੇਸ਼ਾਂ ਹੀ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਕਰਕੇ ਹੀ ਜ਼ਿਆਦਾਤਰ ਹਾਦਸੇ ਵਾਪਰ ਰਹੇ ਹਨ।

# ਸਕੂਲਾਂ 'ਚ ਸੜਕ ਸੁਰੱਖਿਆ ਬਾਰੇ ਜਾਗਰੂਕਤਾ ਕੈਂਪ

**ਪੱਤਰ ਪ੍ਰੇਰਕ**

**ਐਸਏਐਸ ਨਗਰ (ਮੁਹਾਲੀ), 30 ਜੁਲਾਈ**

ਸਮਾਜ ਸੇਵੀ ਸੰਸਥਾ ਹੈਲਥ ਅਵੇਰਨੈੱਸ ਐਂਡ ਸੁਵਿਧਾ ਸੁਸਾਇਟੀ ਵੱਲੋਂ ਐਨਜੀਓ ਐਕਜ਼ੋਨੋਬਲ ਮਲਟੀ ਨੈਸ਼ਨਲ ਕੰਪਨੀ ਅਤੇ ਟਰੈਫ਼ਿਕ ਐਜੂਕੇਸ਼ਨ ਸੈੱਲ ਦੇ ਸਹਿਯੋਗ ਨਾਲ 'ਮਿਸ਼ਨ ਸਲਾਮਤੀ' ਦੇ ਬੈਨਰ ਹੇਠ ਸੜਕ ਸੁਰੱਖਿਆ ਬਾਰੇ ਵਿਵੇਕ ਹਾਈ ਸਕੂਲ, ਅਜੀਤ ਕਰਮ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ, ਮਾਊਂਟ ਕਾਰਮਲ ਸਕੂਲ ਅਤੇ ਸੈਂਟ ਜ਼ੇਵੀਅਰ ਹਾਈ ਸਕੂਲ ਵਿੱਚ ਵੱਖੋ ਵੱਖਰੇ ਤੌਰ 'ਤੇ ਜਾਗਰੂਕਤਾ ਕੈਂਪ ਲਗਾਏ ਗਏ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਮੋਲ ਕੌਰ ਨੇ ਵਿਦਿਆਰਥੀਆਂ ਨੂੰ ਟਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦਿੰਦਿਆਂ ਸੜਕ ਹਾਦਸਿਆਂ ਨੂੰ ਠੱਲ੍ਹਣ ਲਈ ਨਿਯਮਾਂ ਦੀ ਪਾਲਣਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਸਰਵੇਖਣ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਜ਼ਿਆਦਾਤਰ ਸੜਕ ਹਾਦਸੇ ਤੇਜ਼ ਰਫ਼ਤਾਰੀ ਅਤੇ ਅਸਿੱਖਿਅਤ ਵਾਹਨ ਚਾਲਕਾਂ ਦੇ ਕਾਰਨ ਵਾਪਰਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਨਾਬਾਲਗ ਚਾਅ ਚਾਅ ਵਿੱਚ ਵਾਹਨ ਚਲਾਉਂਦੇ ਹਨ ਪ੍ਰੰਤੂ ਬਾਅਦ ਵਿੱਚ ਤੇਜ਼ ਰਫ਼ਤਾਰ ਵਿੱਚ ਵਾਹਨ ਚਲਾਉਣਾ ਉਨ੍ਹਾਂ ਦਾ ਸ਼ੌਕ ਬਣ ਜਾਂਦਾ ਹੈ, ਜਿਸ ਕਾਰਨ ਹਾਦਸੇ ਵਾਪਰਦੇ ਹਨ। ਇਸ ਮੌਕੇ ਅੱਠਵੀਂ, ਨੌਵੀਂ ਅਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਟਰੈਫ਼ਿਕ ਵਿਸ਼ੇ 'ਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਕੈਂਪ ਦੌਰਾਨ ਐਕਜ਼ੋਨੋਬਲ ਕੰਪਨੀ ਸਾਊਥ ਏਸ਼ੀਆ ਦੇ ਕਲਸਟਰ ਮੈਨੇਜਰ ਮਿਸਟਰ ਡੇਵਿਡ ਟੈਂਗ ਅਤੇ ਏਕੀਕ੍ਰਿਤ ਸਪਲਾਈ ਚੇਨ ਹੈੱਡ ਜੋਸ਼ਫ਼ ਵਰਗੀਸ ਵੀ ਮੌਜੂਦ ਸਨ। ਉਨ੍ਹਾਂ ਵਿਦਿਆਰਥੀਆਂ ਨੂੰ ਸੁਰੱਖਿਅਤ ਡਰਾਈਵਿੰਗ ਦੇ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸੜਕ ਹਾਦਸਿਆਂ ਨੂੰ ਠੱਲ੍ਹ ਪਾਉਣ ਦੀ ਅਪੀਲ ਕੀਤੀ। ਜ਼ਿਲ੍ਹਾ ਪੁਲੀਸ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਦੇ ਹੌਲਦਾਰ ਜਨਕ ਰਾਜ ਅਤੇ ਸਾਂਝ ਕੇਂਦਰ ਫੇਜ਼-8 ਦੇ ਇੰਚਾਰਜ ਨਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਟਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ 'ਤੇ ਜ਼ੋਰ ਦਿੱਤਾ।



ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਮੋਲ ਕੌਰ ਭਾਸ਼ਣ ਮੁਕਾਬਲੇ ਦੀਆਂ ਜੇਤੂ ਵਿਦਿਆਰਥਣਾਂ ਨਾਲ ਤਸਵੀਰ ਖਿਚਵਾਉਂਦੇ ਹੋਏ। -ਫੋਟੋ: ਸੋਢੀ

# ਟ੍ਰੈਫਿਕ ਨਿਯਮਾਂ ਸਬੰਧੀ ਖੇਡੇ ਨੁੱਕੜ ਨਾਟਕ

ਮੁਹਾਲੀ, 29 ਮਾਰਚ (ਨਿਆਮੀਆਂ)- ਐਕਸੋਨੋਬਲ ਕੰਪਨੀ ਦੇ ਸੀ. ਐਸ. ਆਰ. ਪ੍ਰਾਜੈਕਟ ਮਿਸ਼ਨ ਸਲਾਮਤ ਤਹਿਤ ਮਟੌਰ, ਮੌਲੀ ਬੈਦਵਾਨ, ਸੋਹਾਣਾ ਤੇ ਕੁੰਭੜਾ ਆਦਿ ਪਿੰਡਾਂ ਵਿਚ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਨੁੱਕੜ ਨਾਟਕ ਖੇਡੇ ਗਏ। ਇਹ ਪ੍ਰਾਜੈਕਟ ਹੈਲਥ ਅਵੇਅਰਨੈੱਸ ਤੇ ਸੁਵਿਧਾ ਸੁਸਾਇਟੀ (ਹੌਂਸ) ਵੱਲੋਂ ਲਾਗੂ ਕੀਤਾ ਜਾ ਰਿਹਾ ਹੈ। ਨਾਟਕ ਸੰਜਗੀ ਸਵੇਰ ਕਲਾ ਕੇਂਦਰ ਦੇ ਕਲਾਕਾਰਾਂ ਨੇ ਪੇਸ਼ ਕੀਤੇ।

ਨਾਟਕ 'ਸੇਫਟੀ ਸੇਵਜ਼ ਬਚਾਓ ਵਿਚ ਹੀ ਬਚਾਓ ਹੈ' ਨੇ ਨਾ ਕੇਵਲ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ, ਬਲਕਿ ਸੜਕ ਹਾਦਸਿਆਂ ਦੇ ਕਾਰਨਾਂ 'ਤੇ ਵੀ ਚਾਨਣਾ ਪਾਇਆ। ਨਾਟਕ ਵਿਚ ਦੱਸਿਆ ਗਿਆ ਕਿ ਲਾਲ ਬੱਤੀ ਦੀ ਉਲੰਘਣਾ, ਮੋਬਾਇਲ ਫੋਨ ਦੀ ਵਰਤੋਂ, ਸਹੀ ਉਮਰ ਤੋਂ ਪਹਿਲਾਂ ਸਕੂਟਰ ਜਾਂ ਗੱਡੀ ਚਲਾਉਣਾ, ਹੈਲਮੇਟ ਜਾਂ ਸੀਟ ਬੈਲਟ ਨਾ ਪਾਉਣਾ ਤੇ ਤੇਜ਼ ਰਫ਼ਤਾਰ ਕਾਰਨ ਹਮੇਸ਼ਾ ਹੀ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ।

ਇਸ ਤੋਂ ਇਲਾਵਾ ਮਾਨਵ ਮੰਗਲ ਸਕੂਲ, ਵਿਵੇਕ ਹਾਈ ਸਕੂਲ, ਦੂਨ ਇੰਟਰਨੈਸ਼ਨਲ ਆਦਿ ਵਿਚ ਇਕ ਅਨੋਖੇ ਉਪਰਾਲੇ ਤਹਿਤ ਬੱਸ ਡਰਾਈਵਰਾਂ ਤੇ ਅਟੈਂਡੈਂਟ ਲਈ ਜਾਗਰੂਕਤਾ ਕੈਂਪ ਲਾਏ ਜਾ ਰਹੇ ਹਨ, ਜਿਸ ਵਿਚ 'ਹੌਂਸ' ਦੀ ਜ਼ਿਲ੍ਹਾ ਕੋਆਰਡੀਨੇਟਰ ਅਮੋਲ ਕੌਰ ਨੇ ਪ੍ਰਾਜੈਕਟਰ 'ਤੇ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਤੇ ਵੀਡੀਓਗ੍ਰਾਫ਼ੀ ਰਾਹੀਂ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਸਕੀਮ ਬਾਰੇ ਮੁਢਲੀ ਜਾਣਕਾਰੀ ਦੇਣ ਦੇ ਨਾਲ-ਨਾਲ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੇ ਨਤੀਜਿਆਂ 'ਤੇ ਵੀ ਰੌਸ਼ਨੀ ਪਾਈ।


ਖੁਸ਼ੀਆਂ ਵੰਡੋ ਨਾਲ-ਨਾਲ

ਜੀਓ ਮੇਰੇ ਲਾਲ



ਅਰਸ਼ਦੀਪ
ਪਿਤਾ: ਬਲਜੀਤ ਸਿੰਘ
ਮਾਤਾ: ਪਰਮਜੀਤ ਕੌਰ
(ਮੰਡਿਤੋਂ)

ਪ੍ਰਭੂ
ਪਿਤਾ: ਸ਼ਿਵ ਕੁਮਾਰ
ਮਾਤਾ: ਹਰਪ੍ਰੀਤ ਕੌਰ
(ਜਲੰਧਰ)


**भास्कर खास** रोड सेफ्टी अवेयरनेस प्रोग्राम के जीवन रक्षा अभियान के तहत ट्रैफिक एजुकेशन विंग ने किया प्रोग्राम का आयोजन

# बड़े हादसों के वीडियो दिखाकर स्टूडेंट्स को किया अवेयर

[illegible] | मोहाली

सड़क पर एक शख्स अपनी गाड़ी बैक कर रहा था, तभी सामने से एक तेज रफ्तार बाइक चालक आया और इसी रोड से बैक होने वाली गाड़ी से टकराया कि वह काफी मीटर पीछे हट गई और बाइक चालक युवक उछलकर करीब 50 फुट दूर जाकर गिरा। फिर भी वह बच गया, क्योंकि उसने हेलमेट पहन हुआ था। [illegible]

[illegible]



• वाहन दिखाकर स्टूडेंट्स में करवाया मुकाबला

[illegible]

# ਸਪੈਸ਼ਲ ਨਾਕੇ 'ਤੇ 24 ਵਾਹਨਾਂ ਦੇ ਓਵਰਸਪੀਡ ਚਲਾਨ

## ਚਾਰ ਵਾਹਨਾਂ ਦੇ ਲਾਇਸੰਸ ਵੀ ਕੀਤੇ ਸਸਪੈਂਡ



ਇੰਸਪੈਕਟਰ ਸਤਪਾਲ ਸਿੰਘ ਨਾਕੇ 'ਤੇ ਚਲਾਨ ਕਰਦੇ ਹੋਏ।

ਮੋਹਾਲੀ, 9 ਜੂਨ (ਕੁਲਦੀਪ)- ਸ਼ਹਿਰ 'ਚ ਆਉਣ-ਜਾਣ ਵਾਲੇ ਵਾਹਨ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੇ ਪਾਬੰਦ ਬਣਾਉਣ ਲਈ ਟ੍ਰੈਫਿਕ ਪੁਲਸ ਵਲੋਂ ਸ਼ੁਰੂ ਕੀਤੀ ਮੁਹਿਮ ਤਹਿਤ ਅੱਜ ਏਅਰਪੋਰਟ ਰੋਡ 'ਤੇ ਸਪੈਸ਼ਲ ਨਾਕਾ ਲਾਇਆ ਗਿਆ, ਜਿਸ 'ਚ ਪੁਲਸ ਨੇ ਓਵਰਸਪੀਡ ਵਾਲੇ ਵਾਹਨਾਂ ਦੇ ਚਲਾਨ ਕੀਤੇ। ਟ੍ਰੈਫਿਕ ਪੁਲਸ ਜ਼ੋਨ-3 ਦੇ ਇਚਾਰਜ ਇੰਸਪੈਕਟਰ ਸਤਪਾਲ ਸਿੰਘ ਦੀ ਅਗਵਾਈ 'ਚ ਲਾਏ ਗਏ ਇਸ ਨਾਕੇ 'ਤੇ ਓਵਰਸਪੀਡ ਦੇ 24 ਚਲਾਨ ਕੀਤੇ ਗਏ। ਟ੍ਰੈਫਿਕ ਇੰਸਪੈਕਟਰ ਨੇ ਦੱਸਿਆ ਕਿ ਇਸ ਨਾਕੇ ਦੌਰਾਨ ਕਿਸੇ ਵੀ ਵੀ. ਆਈ. ਪੀ. ਨੂੰ ਬਖਸ਼ਿਆ ਨਹੀਂ ਗਿਆ। ਭਾਵੇਂ ਕਿ ਕਈ ਵਾਹਨ ਚਾਲਕਾਂ ਨੇ ਆਪਣੇ ਮੋਬਾਇਲ ਫੋਨ ਰਾਹੀਂ ਕਿਸੇ ਨਾ ਕਿਸੇ ਰਸੂਖਦਾਰ ਵਿਅਕਤੀ ਨਾਲ ਗੱਲਬਾਤ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਕਿਸੇ ਦੀ ਕੋਈ ਸਿਫਾਰਸ਼ ਨਹੀਂ ਸੁਣੀ ਗਈ। ਇਸ ਦੇ ਨਾਲ ਹੀ ਪੁਲਸ ਨੇ ਚਾਰ ਵਾਹਨ ਚਾਲਕਾਂ ਦੇ ਲਾਇਸੰਸ ਸਸਪੈਂਡ ਵੀ ਕੀਤੇ। ਨਾਕੇ 'ਤੇ ਟ੍ਰੈਫਿਕ ਮਾਰਸ਼ਲ ਪਰਮਜੀਤ ਸਿੰਘ ਵੀ ਮੌਜੂਦ ਸਨ। ਇੰਸਪੈਕਟਰ ਨੇ ਦੱਸਿਆ ਕਿ ਟ੍ਰੈਫਿਕ ਪੁਲਸ ਵਲੋਂ ਹੁਣ ਓਵਰਸਪੀਡ, ਲਾਲ ਬੱਤੀ ਜੰਪ ਕਰਨ, ਡਰਾਈਵਿੰਗ ਸਮੇਂ ਮੋਬਾਇਲ ਫੋਨ ਦਾ ਇਸਤੇਮਾਲ ਨਾ ਕਰਨ ਤੇ ਓਵਰਲੋਡ ਕਰਨ ਵਾਲੇ ਵਾਹਨ ਚਾਲਕਾਂ ਦੇ ਤਿੰਨ ਮਹੀਨੇ ਲਈ ਲਾਇਸੰਸ ਸਸਪੈਂਡ ਕੀਤੇ ਜਾਂਦੇ ਹਨ। ਇਸ ਲਈ ਵਾਹਨ ਚਾਲਕਾਂ ਨੂੰ ਚਾਹੀਦਾ ਹੈ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਤਾਂ ਜੋ ਉਨ੍ਹਾਂ ਨੂੰ ਵੀ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ट्रैफिक नियमों की उल्लंघना करने वालों के खिलाफ मुहिम चलाकर काटे वाहनों के चालान

## लापरवाही करके खुद और दूसरों की जान जोखिम में न डालें: निक्का राम

सिटी रिपोर्टर | कुराली



सड़क पर ट्रैफिक नियमों की उल्लंघना करने वाले वाहन चालकों के खिलाफ मुहिम चलाकर रविवार को स्थानीय ट्रैफिक पुलिस इंचार्ज निक्का राम की अगुवाई में ट्रैफिक पुलिस टीम की ओर से विशेष मुहिम चलाते हुए उनके चालान काटे गए।

इंचार्ज निक्का राम की अगुवाई में मुंशी रंजीत सिंह, गुरविंदर सिंह, कुलदीप सिंह, राजकुमार, अवतार सिंह, प्रीतम सिंह सहित टीम ने ट्रैफिक लाइट्स के नजदीक विशेष नाका लगाते हुए ट्रिप्पल राइडिंग करने वाले बाइक सवार, विदाउट हेलमेट, इंश्योरेंस और बिना रजिस्ट्रेशन सर्टिफिकेट, बिना सीट बेल्ट, फोर व्हीलर पर ब्लैक फिल्म, बिना नंबर प्लेट के वाहनों, रेड लाइट जंप जैसे विभिन्न ऑफेंस के तहत वाहन चालकों के चालान किए।

ट्रैफिक इंचार्ज निक्का राम ने कहा कि सड़क पर ट्रैफिक नियमों की पालना बेहद आवश्यक है। ट्रैफिक नियमों की उल्लंघना कर खुद के साथ-साथ दूसरों के लिए मुसीबत बनने वाले वाहन चालकों को किसी कीमत पर बक्शा नहीं जाएगा। सभी वाहन चालकों से निवेदन है कि वे ट्रैफिक नियमों का पालन करें और लापरवाही करके अपने साथ-साथ दूसरों की जान जोखिम में न डालें।

# ट्रैफिक रूल्स न मानने पर चालान काटे

सिटी रिपोर्टर | नयागांव

नयागांव थाना प्रभारी साहिब सिंह विर्क ने लोगों को ट्रैफिक रूल्स के बारे में लोगों को जागरूक किया। हवलदार कश्मीरा सिंह और मार्शल अमनदीप ने युवकों को नसीहत दी कि वह तेज रफ्तार से वाहन न चलाएं। नशा भी न करें। उन्होंने कहा क अपने वाहनों में प्रेशर हॉर्न न लगाएं। रात को डिप्पर का प्रयोग करें। इस मौके पर उन्होंने यातायात नियम तोड़ने वालों के चालान भी काटे।




Mohali 13/7

# ਪ੍ਰੈਸ਼ਰ ਹਾਰਨ ਵਾਲੇ ਵਾਹਨਾਂ 'ਤੇ ਕੱਸਿਆ ਸ਼ਿਕੰਜਾ

- ਪ੍ਰਦੂਸ਼ਣ ਕੰਟਰੋਲ ਬੋਰਡ ਤੇ ਟਰੈਫਿਕ ਪੁਲੀਸ ਨੇ 50 ਵਾਹਨਾਂ ਦੇ ਉਤਾਰੇ ਪ੍ਰੈਸ਼ਰ ਹਾਰਨ

ਨਿੱਜੀ ਪੱਤਰ ਪ੍ਰੇਰਕ
ਜ਼ੀਰਕਪੁਰ, 12 ਜੁਲਾਈ

ਪ੍ਰੈਸ਼ਰ ਹਾਰਨ ਵਰਤਣ ਵਾਲੇ ਵਾਹਨ ਚਾਲਕਾਂ 'ਤੇ ਸ਼ਿਕੰਜਾ ਕੱਸਣ ਲਈ ਅੱਜ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਟਰੈਫਿਕ ਪੁਲੀਸ ਵੱਲੋਂ ਮੁਹਿੰਮ ਚਲਾਈ ਗਈ। ਇਸ ਮੌਕੇ ਜ਼ੀਰਕਪੁਰ-ਪਟਿਆਲਾ ਸੜਕ 'ਤੇ ਨਾਕਾ ਲਗਾਇਆ ਗਿਆ ਤੇ ਵਾਹਨਾਂ ਨੂੰ ਰੋਕ ਕੇ ਜਾਂਚ ਕੀਤੀ ਗਈ। ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਹਾਇਕ ਇੰਜਨੀਅਰ ਕੰਵਲਦੀਪ ਕੌਰ ਨੇ ਦੱਸਿਆ ਕਿ ਆਵਾਜ਼ ਪ੍ਰਦੂਸ਼ਣ ਫੈਲਾਉਣ ਵਾਲਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਦੀ ਜ਼ੀਰਕਪੁਰ ਤੋਂ ਸ਼ੁਰੂਆਤ ਕੀਤੀ ਗਈ ਹੈ।



ਪ੍ਰੈਸ਼ਰ ਹਾਰਨ ਉਤਾਰਦੇ ਹੋਏ ਟਰੈਫ਼ਿਕ ਪੁਲੀਸ ਦੇ ਮੁਲਾਜ਼ਮ। -ਫੋਟੋ: ਸੁਖਲ

ਇਸ ਮੌਕੇ ਟ੍ਰੈਫਿਕ ਇੰਚਾਰਜ ਗੁਰਦੀਪ ਸਿੰਘ ਪੰਧੇਰ ਨੇ ਦੱਸਿਆ ਕਿ ਹਵਾਈ ਅੱਡੇ ਚੌਕ ਨੇੜੇ ਨਾਕਾ ਲਗਾ ਕੇ ਸਰਕਾਰੀ [illegible] ਤੇ ਟਰੱਕਾਂ ਦੀ ਚੈਕਿੰਗ ਕੀਤੀ ਗਈ। ਕਈ ਸਰਕਾਰੀ ਤੇ ਗੈਰ-ਸਰਕਾਰੀ ਵਾਹਨਾਂ ਦੇ ਮੌਕੇ 'ਤੇ 50 ਦੇ ਕਰੀਬ ਪ੍ਰੈਸ਼ਰ ਹਾਰਨ ਉਤਾਰੇ ਗਏ ਅਤੇ ਵਾਹਨਾਂ ਦੇ ਨੰਬਰ ਨੋਟ ਕਰਕੇ ਡਰਾਈਵਰਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਟਰੈਫ਼ਿਕ ਇੰਚਾਰਜ ਨੇ ਦੱਸਿਆ ਕਿ ਜ਼ੀਰਕਪੁਰ 'ਚ ਜੂਨ ਮਹੀਨੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ 1822 ਚਲਾਨ ਕੀਤੇ ਗਏ ਅਤੇ ਜੁਲਾਈ ਮਹੀਨੇ ਦੇ ਅੱਧ ਤੱਕ 708 ਚਲਾਨ ਕੀਤੇ ਗਏ ਹਨ।

# ਸੇਂਟ ਸੋਲਜ਼ਰ ਸਕੂਲ ਵਿੱਚ ਭਾਸ਼ਣ ਮੁਕਾਬਲੇ

**ਪੱਤਰ ਪ੍ਰੇਰਕ**

**ਐਸਏਐਸ ਨਗਰ (ਮੁਹਾਲੀ), 5 ਸਤੰਬਰ**

ਹੈਲਥ ਅਵੇਰਨੈੱਸ ਅਤੇ ਸੁਵਿਧਾ ਸੁਸਾਇਟੀ (ਹੱਸ) ਵੱਲੋਂ ਮਿਸ਼ਨ ਸਲਾਮਤੀ ਤਹਿਤ ਕੰਪਨੀ ਐਕਜੌਨੋਬਲ ਅਤੇ ਟਰੈਫ਼ਿਕ ਐਜੂਕੇਸ਼ਨ ਸੈੱਲ ਮੁਹਾਲੀ ਦੇ ਸਹਿਯੋਗ ਨਾਲ ਇੱਥੋਂ ਦੇ ਸੇਂਟ ਸੋਲਜ਼ਰ ਸਕੂਲ ਫੇਜ਼-7 ਵਿੱਚ 'ਸੜਕ ਸੁਰੱਖਿਆ ਵਿੱਚ ਨੌਜਵਾਨਾਂ ਦਾ ਯੋਗਦਾਨ' ਵਿਸ਼ੇ 'ਤੇ ਇੰਟਰ ਸਕੂਲ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਸਮਾਗਮ ਦੀ ਪ੍ਰਧਾਨਗੀ ਟਰੈਫ਼ਿਕ ਐਜੂਕੇਸ਼ਨ ਸੈੱਲ ਦੇ ਜਨਕ ਰਾਜ ਸਿੰਘ ਅਤੇ ਸੇਂਟ ਸੋਲਜ਼ਰ ਸਕੂਲ ਦੀ ਪ੍ਰਿੰਸੀਪਲ ਵਰਿੰਦਰ ਟਿਵਾਣਾ ਨੇ ਕੀਤੀ।



**ਮੁਕਾਬਲੇ ਦੇ ਜੇਤੂ ਵਿਦਿਆਰਥੀ ਨੂੰ ਸਨਮਾਨੇ ਜਾਣ ਦਾ ਦ੍ਰਿਸ਼।** -ਫੋਟੋ: ਸੋਢੀ

ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੇ ਗੱਡੀ ਚਲਾਉਂਦੇ ਸਮੇਂ ਆਪੇ ਤੋਂ ਬਾਹਰ ਹੋ ਜਾਣ, ਨਸ਼ਾ ਕਰਕੇ ਗੱਡੀ ਚਲਾਉਣ, ਵਾਹਨ ਦਾ ਓਵਰਲੋਡ ਹੋਣ ਤੇ ਅਚਾਨਕ ਲੇਨ ਬਦਲਣ ਕਾਰਨ ਹੋਣ ਵਾਲੇ ਹਾਦਸਿਆਂ ਬਾਰੇ ਆਪਣੇ ਵਿਚਾਰ ਰੱਖੇ। ਇਸ ਮੁਕਾਬਲੇ ਵਿੱਚ ਇੰਨਫੈਂਟ ਜੀਜ਼ਜ਼ ਕਾਨਵੈਂਟ ਸਕੂਲ ਦੇ ਨੌਵੀਂ ਜਮਾਤ ਦੇ ਵਿਦਿਆਰਥੀ ਪਰਾਨਜੈਯ ਗੋਇਲ ਨੇ ਪਹਿਲਾ ਤੇ ਸੇਂਟ ਸੋਲਜ਼ਰ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਯਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਸ਼ੈਮਰਾਕ ਸਕੂਲ ਦੀ ਆਸਥਾ, ਮਾਊਂਟ ਕਾਰਮਲ ਸਕੂਲ ਦੀ ਨੇਹਾ ਸਿੰਘ ਤੇ ਸੇਂਟ ਜ਼ੇਵੀਅਰ ਸਕੂਲ ਦੀ ਅਰਪਿਤਾ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ।

ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਅਮੋਲ ਕੌਰ ਨੇ ਸਕੂਲੀ ਬੱਚਿਆਂ ਨੂੰ ਟਰੈਫ਼ਿਕ ਨਿਯਮਾਂ ਬਾਰੇ ਜਾਗਰੂਕ ਕਰਦਿਆਂ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਕਿ ਉਹ ਸੜਕ ਦੁਰਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਅਤੇ ਅਨੁਸ਼ਾਸਨ ਬਾਰੇ ਵੀ ਦੱਸਣ।